ਦਰਸ਼ਨ ਗਿੱਲ ਦਾ ਕਾਵਿ-ਲੋਕ : ਨਜ਼ਮ ਦੀ ਤਲਾਸ਼ ਵਿਚ

ਡਾ. ਜਗਬੀਰ ਸਿੰਘ

ਦਰਸ਼ਨ ਗਿੱਲ ਪੰਜਾਬੀ ਦੇ ਉੱਘੇ ਪ੍ਰਵਾਸੀ ਲੇਖਕਾਂ ਵਿਚੋਂ ਹੈ। ਬਹੁ-ਮੁਖੀ ਪ੍ਰਤਿਭਾ ਵਾਲੇ ਇਸ ਲੇਖਕ ਨੇ ਸ਼ਾਇਰੀ, ਸਮੀਖਿਆ, ਸੰਪਾਦਨ, ਖੋਜ ਅਤੇ ਅਨੁਵਾਦ ਰਾਹੀਂ ਸਮਕਾਲੀ ਪੰਜਾਬੀ ਸਾਹਿਤ ਵਿਚ ਆਪਣੀ ਚਰਚਾਯੋਗ ਪਛਾਣ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ। ਇਥੇ ਸਾਡਾ ਸਰੋਕਾਰ ਦਰਸ਼ਨ ਗਿੱਲ ਦੀ ਸ਼ਾਇਰੀ ਨਾਲ ਹੈ। ਇਸ ਮੰਤਵ ਲਈ ਅਸੀਂ ਉਸਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ **ਨਜ਼ਮ ਦੀ ਤਲਾਸ਼ ਵਿਚ** ਨੂੰ ਚੁਣਿਆਂ ਹੈ। ਇਹ ਪੁਸਤਕ ਅਸਲ ਵਿਚ ਦਰਸ਼ਨ ਗਿੱਲ ਦੀ ਸ਼ਾਇਰੀ ਦਾ ਸਮੁੱਚਾ ਸੰਕਲਨ ਹੈ ਜਿਸ ਵਿਚ ਉਸਦੇ ਹੁਣ ਤਕ ਪ੍ਰਕਾਸ਼ਿਤ ਅੱਠ ਕਾਵਿ-ਸੰਗ੍ਰਹਿ - ਨਜ਼ਮ (2005), ਪੌਣਾਂ ਦੇ ਰੰਗ (2001), ਅੱਗ ਦਾ ਸਫ਼ਰ (1992), ਕਾਲਾ ਸੂਰਜ (1984), ਆਪਣੇ ਸਨਮੁੱਖ (1980), ਖ਼ਲੀਜ (1978), ਰੂਪ ਅਰੂਪ (1976) ਅਤੇ ਜੰਗਲ ਦੀ ਅੱਗ (1976) ਸ਼ਾਮਿਲ ਹਨ। ਜਦੋਂ ਅਸੀਂ ਇਨ੍ਹਾਂ ਕਾਵਿ-ਸੰਗ੍ਰਹਿਆਂ ਨੂੰ ਕਾਲ-ਕ੍ਰਮ ਦੀ ਤਰਤੀਬ ਅਨੁਸਾਰ ਵਾਚਦੇ ਹਾਂ ਤਾਂ ਇਹ ਪੁਸਤਕ ਇਸ ਲੇਖਕ ਦੇ ਪਿਛਲੇ ਤੀਹ ਵਰ੍ਹਿਆਂ ਦੇ ਕਾਵਿ-ਸਫ਼ਰ ਦੀ ਨੁਮਾਇੰਦਗੀ ਕਰਦੀ ਦਿਖਾਈ ਦਿੰਦੀ ਹੈ। ਇਹ ਉਸਦੀ ਸਿਰਜਣਾਤਮਕ ਵਿਲੱਖਣਤਾ ਦਾ ਹੀ ਪ੍ਰਮਾਣ ਪੇਸ਼ ਨਹੀਂ ਕਰਦੀ ਸਗੋਂ ਉਸਦੀ ਰਚਨਾ-ਦ੍ਰਿਸ਼ਟੀ, ਗਤੀਸ਼ੀਲ ਕਾਵਿ-ਚੇਤਨਾ ਅਤੇ ਬਦਲਦੇ ਹੋਏ ਵਿਸ਼ੈਗਤ ਸਰੋਕਾਰਾਂ ਨੂੰ ਵੀ ਮੂਰਤੀਮਾਨ ਕਰਦੀ ਹੈ।

ਦਰਸ਼ਨ ਗਿੱਲ ਨੇ ਆਪਣੇ ਕਾਵਿ-ਸਫ਼ਰ ਦੀ ਸ਼ੁਰੂਆਤ 1976 ਵਿਚ ਪ੍ਰਕਾਸ਼ਿਤ ਕਾਵਿ-ਸੰਗ੍ਰਹਿ **ਜੰਗਲ ਦੀ ਅੱਗ** ਨਾਲ ਕੀਤੀ। ਇਸ ਕਾਵਿ-ਸੰਗ੍ਰਹਿ ਦਾ ਰਚਨਾ-ਸੰਦਰਭ ਪ੍ਰਵਾਸ ਦੇ ਅਨੁਭਵ ਅਤੇ ਬੋਧ ਨਾਲ ਜੁੜਿਆ ਹੋਇਆ ਹੈ। ਇਹ ਉਹ ਦੌਰ ਸੀ ਜਦੋਂ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਰਗੇ ਵਿਕਸਿਤ ਪੂੰਜਵਾਦੀ ਮੁਲਕਾਂ ਵਿਚ ਅਰਥ-ਵਿਵਸਥਾ ਦੇ ਵਕਤੀ ਲੇਬਰ-ਸੰਕਟ ਕਾਰਣ ਵਰਕ-ਪਰਮਿਟ ਅਤੇ ਪ੍ਰਵਾਸ ਦਾ ਰਾਹ ਖੁਲ੍ਹ ਗਿਆ ਸੀ। ਇਸ ਸੁਨਹਿਰੀ ਮੌਕੇ ਦਾ ਲਾਭ ਉਠਾਉਣ ਲਈ ਏਸ਼ੀਆ ਦੇ ਹੋਰਨਾਂ ਲੋਕਾਂ ਵਾਂਗ ਪੰਜਾਬੀਆਂ ਨੇ ਵੀ ਰੋਟੀ ਰੋਜ਼ੀ ਅਤੇ ਆਰਥਕ ਖ਼ੁਸ਼ਹਾਲੀ ਦੀ ਤਲਾਸ਼ ਵਿਚ ਇਨ੍ਹਾਂ ਮੁਲਕਾਂ ਵਲ ਵਹੀਰਾਂ ਘੱਤ ਦਿੱਤੀਆਂ। ਇਨ੍ਹਾਂ ਦੀਆਂ ਅੱਖਾਂ ਵਿਚ ਡਾਲਰਾਂ ਅਤੇ ਪੌਂਡਾਂ ਰਾਹੀਂ ਆਪਣੀ ਕਿਸਮਤ ਚਮਕਾਉਣ ਦੇ ਸੁਪਨੇ ਲਟਕਦੇ ਸਨ। ਗ਼ਰੀਬੀ ਅਤੇ ਬੇਰੋਜ਼ਗਾਰੀ ਦੇ ਭੰਨੇ ਹੋਏ ਇਨ੍ਹਾਂ ਲੋਕਾਂ ਨੂੰ ਮਿਹਨਤ ਅਤੇ ਮੁਸ਼ੱਕਤ ਵਾਲੇ ਕਿਸੇ ਵੀ ਕੰਮ ਤੋਂ ਗ਼ੁਰੇਜ਼ ਨਹੀਂ ਸੀ।

ਇਧਰ ਪੰਜਾਬ ਵਿਚ ਨਕਸਲੀ ਲਹਿਰ ਦੇ ਅਸਫਲ ਹੋਣ ਤੋਂ ਬਾਦ ਹਥਿਆਰਬੰਦ ਕ੍ਰਾਂਤੀ ਦੇ ਰੋਮਾਨੀ ਸੁਪਨੇ ਲੈਣ ਵਾਲਾ ਚੇਤਨ ਬੁੱਧੀਜੀਵੀ ਵਰਗ ਡੂੰਘੀ ਨਿਰਾਸ਼ਾ ਵਿਚ ਡੁੱਬਿਆ ਹੋਇਆ ਸੀ। ਇਸ ਲਹਿਰ ਦੇ ਤ੍ਰਾਸਦਿਕ ਅੰਤ ਤੋਂ ਬਾਦ ਨੌਜਵਾਨਾਂ ਦਾ ਇਹ ਵਰਗ ਵੀ ਹੁਣ ਉਦਾਸੀ ਅਤੇ ਉਪਰਾਮਤਾ ਤੋਂ ਬਚਣ ਲਈ ਪ੍ਰਵਾਸ ਵਲ ਆਕਰਸ਼ਿਤ ਹੋ ਰਿਹਾ ਸੀ। ਇਸ ਵਰਗ ਵਿਚ ਲੇਖਕ, ਅਧਿਆਪਕ ਅਤੇ ਹੋਰ ਬੁੱਧੀਜੀਵੀ ਸ਼ਾਮਿਲ ਸਨ। ਮਾਰਕਸਵਾਦ ਅਤੇ ਨਕਸਲੀ ਲਹਿਰ ਨਾਲ

ਹਮਦਰਦੀ ਰੱਖਣ ਵਾਲਾ ਅੰਗ੍ਰੇਜ਼ੀ ਦਾ ਪ੍ਰਾਧਿਆਪਕ, ਦਰਸ਼ਨ ਗਿੱਲ, ਵੀ ਇਨ੍ਹਾਂ ਦੀ ਰੀਸੋ-ਰੀਸੀ 1972 ਵਿਚ ਕੈਨੇਡਾ ਪਹੁੰਚ ਗਿਆ।

ਇਸ ਚੇਤਨ ਬੁੱਧੀਜੀਵੀ ਵਰਗ ਦਾ ਪ੍ਰਵਾਸ ਦੇ ਪ੍ਰਤਿ ਵਤੀਰਾ ਸਾਧਾਰਣ ਪ੍ਰਵਾਸੀਆਂ ਨਾਲੋਂ ਵੱਖਰਾ ਸੀ। ਇਸਨੂੰ ਪ੍ਰਵਾਸ ਕਾਰਣ ਆਪ-ਵਿਹਾਜੇ ਘਰ-ਵੈਰਾਗ ਅਤੇ ਉਦਰੇਵੇਂ ਦੇ ਨਾਲ ਨਾਲ ਵਿਚਾਰਾਂ ਅਤੇ ਸਿੱਧਾਂਤਾਂ ਦੇ ਅੰਦਰੂਨੀ ਸੰਕਟ ਨਾਲ ਵੀ ਨਜਿਠਣਾ ਪੈ ਰਿਹਾ ਸੀ। ਮਾਰਕਸਵਾਦੀ ਫਲਸਫੇ ਅਤੇ ਪ੍ਰਗਤੀਵਾਦੀ ਚੇਤਨਾ ਦੇ ਮਾਹੌਲ ਵਿਚ ਪਨਪੀ-ਵਿਗਸੀ ਇਸ ਵਰਗ ਦੀ ਮਾਨਸਿਕਤਾ ਵਿਚ ਕ੍ਰਾਂਤੀਕਾਰੀ ਸੁਪਨੇ ਅਤੇ ਜੁਝਾਰੂ ਲਹਿਰ ਦੇ ਵਿਗਠਿਤ ਹੋਣ ਦਾ ਡੂੰਘਾ ਸੰਤਾਪ ਵਸਿਆ ਹੋਇਆ ਸੀ। ਇਹੀ ਕਾਰਣ ਸੀ ਕਿ ਵਿਕਸਿਤ ਪੂੰਜੀਵਾਦ ਵਿਚ ਪ੍ਰਵਾਸ ਦਾ ਅਨੁਭਵ ਇਨ੍ਹਾਂ ਨੂੰ ਆਕਰਸ਼ਿਤ ਵੀ ਕਰਦਾ ਸੀ ਅਤੇ ਵਿਕਰਸ਼ਿਤ ਵੀ। ਵਿਡੰਬਨਾ ਇਹ ਸੀ ਕਿ ਦੇਸੀ ਪੂੰਜੀਵਾਦ ਨਾਲ ਯੁੱਧ ਛੇੜਨ ਵਾਲਿਆਂ ਨੂੰ ਹੁਣ ਵਿਦੇਸ਼ੀ ਪੂੰਜੀਵਾਦ ਵਿਚ ਪਨਾਹ ਲੈਣੀ ਪੈ ਰਹੀ ਸੀ। ਇਸ ਗੱਲ ਦਾ ਪ੍ਰਤੱਖ ਪ੍ਰਮਾਣ ਇਸ ਦੌਰ ਦੇ ਚਿੰਤਨਸ਼ੀਲ ਲੇਖਕਾਂ ਦੀ ਸਿਰਜਣਾ ਵਿਚੋਂ ਸਹਿਜੇ ਹੀ ਮਿਲ ਜਾਂਦਾ ਹੈ। ਦਰਸ਼ਨ ਗਿੱਲ ਦਾ ਕਾਵਿ-ਸੰਗ੍ਰਹਿ **ਜੰਗਲ ਦੀ ਅੱਗ** ਇਸੇ ਕਿਸਮ ਦੀ ਵਿਡੰਬਨਾ ਨੂੰ ਉੱਘੜਵੇਂ ਰੂਪ ਵਿਚ ਮੂਰਤੀਮਾਨ ਕਰਦਾ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਖ਼ਾਸ ਤੌਰ ਤੇ ਪ੍ਰਵਾਸ ਦੇ ਮੁੱਢਲੇ ਦੌਰ ਦੀ ਸਥਿਤੀ ਅਤੇ ਮਾਨਸਿਕਤਾ ਨਾਲ ਸੰਬੰਧਿਤ ਹਨ। ਇਹ ਪ੍ਰਵਾਸੀ ਬੰਦੇ ਦੇ ਹੋਂਦ-ਮੁਖੀ ਸੰਘਰਸ਼ ਨੂੰ ਵੀ ਜ਼ੁਬਾਨ ਦਿੰਦੀਆਂ ਹਨ ਅਤੇ ਉਸਦੀ ਉਦਾਸੀ ਤੇ ਘਰ-ਵੈਰਾਗ ਦੀ ਭਾਵਨਾ ਨੂੰ ਵੀ ਪ੍ਰਗਟਾਉਂਦੀਆਂ ਹਨ। ਪ੍ਰਵਾਸ ਦੀ ਇਸੇ ਮਨੋਸਥਿਤੀ ਨੂੰ ਦਰਸ਼ਨ ਗਿੱਲ ਨੇ ਨਿਮਨ-ਅੰਕਿਤ ਸ਼ਾਇਰਾਨਾ ਬੋਲਾਂ ਰਾਹੀਂ ਉਸਾਰਿਆ ਹੈ :

ਏਸ ਸ਼ਹਿਰ ਮੈਂ ਰਿਜ਼ਕ ਦਾ ਭੁੱਖਾ
ਕਰਨ ਕਮਾਈਆਂ ਆਇਆ!
ਇਸ ਕਲਮੂੰਹੀਂ ਭੁੱਖ ਨੇ ਚੁੱਕ ਕੇ
ਕਿੱਥੋਂ ਕਿੱਥੇ ਪੁਚਾਇਆ।
ਜਿਸਮ ਦੀ ਭੁੱਖ ਤਾਂ ਮੁਕਣੀ ਨਾਹੀਂ
ਰੂਹ ਦੀ ਭੁੱਖ ਮਿਟਾਵਾਂ।

ਭੁੱਖ ਭਾਵੇਂ ਜਿਸਮ ਦੀ ਹੋਵੇ ਅਤੇ ਭਾਵੇਂ ਰਿਜ਼ਕ ਦੀ, ਇਹ ਭੁੱਖ ਹੀ ਬੰਦੇ ਨੂੰ ਦਰ ਦਰ ਭਟਕਾਉਂਦੀ ਹੈ। ਇਸ ਪੁਸਤਕ ਦਾ ਕਾਵਿਕ ਪ੍ਰਵਚਨ ਪ੍ਰਵਾਸ ਦੇ ਪਿਛੋਕੜ ਵਿਚ ਮੰਡਲਾਉਂਦੀ ਇਸ 'ਕਲਮੂੰਹੀਂ ਭੁੱਖ' ਨੂੰ ਰੂਹ ਦੀ ਭੁੱਖ ਦੇ ਵਿਰੋਧ ਵਿਚ ਰੱਖ ਕੇ ਅਰਥਾਂ ਦਾ ਬਹੁ-ਵਚਨੀ ਪਰਿਪੇਖ ਉਸਾਰਦਾ ਹੈ।

ਇਨ੍ਹਾਂ ਕਵਿਤਾਵਾਂ ਵਿਚ ਉਦਾਸੀ ਵੀ ਹੈ ਅਤੇ ਉਦਰੇਵਾਂ ਵੀ ਪਰ ਨਿਰਾਸ਼ਾ ਬਿਲਕੁਲ ਨਹੀਂ। ਇਹ ਤਾਂ ਉਸਦੀ ਛਿਣ-ਭੰਗਰੀ ਸੁਪਨ ਆਕਾਂਖਿਆ ਦਾ ਪ੍ਰਗਟਾਵਾ ਮਾਤਰ ਹੈ ਜੋ ਓਪਰੀ ਰਹਿਤਲ ਵਿਚ ਬੇਗਾਨਗੀ ਦੇ ਅਹਿਸਾਸ ਵਿਚੋਂ ਉਪਜਦਾ ਹੈ। ਪਰ ਉਸਦੀ ਸ਼ਾਇਰੀ ਵਿਚ ਇਸ ਉਦਰੇਵੇਂ ਦੇ ਨਾਲ ਨਾਲ ਨਵੇਂ ਮੁਲਕ ਅਤੇ ਨਵੇਂ ਮਾਹੌਲ ਨੂੰ ਸਮਝਣ ਦੀ ਚਿੰਤਨਸ਼ੀਲ ਬਿਰਤੀ ਵੀ ਉੱਘੜਵੇਂ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਉਹ ਪਦਾਰਥਕ ਖ਼ੁਸ਼ਹਾਲੀ, ਜਿਸਮਾਂ ਦੀ ਨੁਮਾਇਸ਼,

ਕਾਮਨਤਵਾਂ ਦੀ ਭਟਕਣ ਅਤੇ ਰੰਗੀਨੀ ਦੇ ਪਰਦੇ ਹੇਠਾਂ ਲੁਕੇ ਭਾਵੁਕ ਸਖਣੇਪਨ ਨੂੰ ਅਨੁਭਵ ਕਰਦਾ ਹੈ ਅਲਗਾਵ ਦੀ ਚੀਸ ਜਰਦਾ ਹੈ। ਇਹ ਦੇਸੀ ਰਹਿਤਲ ਵਿਚੋਂ ਹਿਜਰਤ ਕਰਕੇ ਗਏ ਪ੍ਰਵਾਸੀ ਬੰਦੇ ਦੀ ਪੂਰਬੀ ਸੋਚ ਦਾ ਸੁਭਾਵਕ ਪ੍ਰਤਿਕਰਮ ਹੈ।

ਇਸ ਕਾਵਿ-ਸੰਗ੍ਰਹਿ ਦੀਆਂ ਦੋ ਕਵਿਤਾਵਾਂ – 'ਜੰਗਲ' ਅਤੇ 'ਬੁੱਤਾਂ ਦਾ ਦੇਸ' – ਪ੍ਰਵਾਸ ਦੇ ਅਨੁਭਵ ਅਤੇ ਬੋਧ ਪ੍ਰਾਮਾਣਿਕ ਬਿੰਬ ਉਸਾਰਨ ਦੇ ਨਾਲ ਨਾਲ ਉਸਦੀ ਕਾਵਿ-ਚੇਤਨਾ ਦੇ ਮੌਲਿਕ ਸੁਭਾ ਨੂੰ ਵੀ ਮੂਰਤੀਮਾਨ ਕਰਦੀਆਂ ਹਨ। ਇਨ੍ਹਾਂ ਦੇ ਸਿਰਜਿਤ ਪ੍ਰਵਚਨ ਵਿਚ ਜੰਗਲ ਅਤੇ ਬੁੱਤ ਅਰਥ-ਸਾਰਥਕਤਾ ਦਾ ਨਿਰਮਾਨ ਕਰਨ ਵਾਲੇ ਕੇਂਦਰੀ ਚਿਹਨ ਜਾਂ ਮੈਟਾਫਰ ਹਨ। ਇਨ੍ਹਾਂ ਕਵਿਤਾਵਾਂ ਵਿਚਲੇ ਪ੍ਰਵਾਸੀ ਸਬਜੈਕਟ ਨੂੰ ਵਿਕਸਿਤ ਪੂੰਜੀਵਾਦੀ ਵਿਵਸਥਾ ਦੇ ਸਿਰਜੇ ਹੋਏ ਮਹਾਨਗਰ ਵਿਚ ਜੰਗਲ ਦਾ ਚਿਹਰਾ ਦਿਖਾਈ ਦਿੰਦਾ ਹੈ। ਮਿਸਾਲ ਵਜੋਂ ਇਸ ਕਵਿਤਾ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ –

ਇਹ ਨਗਰ ਮੈਨੂੰ ਜੰਗਲ ਲਗਦਾ!
ਜਿਸਦਾ ਜਾਪੇ ਸੰਦਲ ਤਨ ਹੁਣ,
ਬਦਖੋਈਆਂ ਦੀ ਅੱਗ ਵਿਚ ਸੜਦਾ! . . .
ਏਸ ਨਗਰ ਦੀ ਰੂਹ ਨੂੰ ਹਰ ਦਿਨ,
ਇਸਦਾ ਆਪਣਾ ਜਨ ਹੀ ਕੋਈ
ਜ਼ਿਬ੍ਹਾ ਕਰਨ ਦੀ ਸਾਜ਼ਿਸ਼ ਘੜਦਾ।

ਇੱਥੇ ਲੇਖਕ ਨੇ ਜੰਗਲ ਨੂੰ ਮੈਟਾਫਰ ਦੇ ਰੂਪ ਵਿਚ ਵਰਤਦਿਆਂ ਉਸਨੂੰ ਅਰਥ-ਸਿਰਜਣ ਦੀ ਪ੍ਰਭਾਵਸ਼ਾਲੀ ਜੁਗਤ ਬਣਾ ਦਿੱਤਾ ਹੈ। ਜੰਗਲ ਦਾ ਕਾਨੂੰਨ ਅਰਾਜਿਕਤਾ ਦਾ ਪ੍ਰਤੀਕ ਹੈ। ਇਹ ਤਕੜੇ ਦੀ ਮਾੜੇ ਉੱਤੇ ਜਿੱਤ ਦਾ ਐਲਾਨਨਾਮਾ ਹੈ। ਜ਼ਾਹਰਾ ਤੌਰ ਮਾਨਵ-ਜਾਤੀ ਦਾ ਇਤਿਹਾਸ ਜੰਗਲ ਦੀ ਅਰਾਜਿਕਤਾ ਨੂੰ ਨਗਰ ਦੀ ਵਿਵਸਥਾ ਵਿਚ ਢਾਲਣ ਦਾ ਇਤਿਹਾਸ ਹੈ। ਪਰ ਸਭਿਅਤਾ ਅਤੇ ਸਭਿਆਚਾਰ ਦੇ ਇਸ ਵਿਕਾਸ-ਪੰਧ ਉੱਤੇ ਤੁਰਦਿਆਂ ਕੀ ਮਨੁੱਖ ਨੇ ਸੱਚਮੁਚ ਜੰਗਲ ਉੱਤੇ ਜਿੱਤ ਪ੍ਰਾਪਤ ਕਰ ਲਈ ਹੈ? ਇਹ ਮੂਲ ਪ੍ਰਸ਼ਨ ਕਵਿਤਾ ਦੇ ਸਮੁੱਚੇ ਪ੍ਰਵਚਨ ਉੱਤੇ ਛਾਇਆ ਹੋਇਆ ਹੈ। ਮਾਰਕਸਵਾਦੀ ਫਲਸਫੇ ਅਨੁਸਾਰ ਮਨੁੱਖੀ ਸਮਾਜ ਦਾ ਹੁਣ ਤਕ ਦਾ ਸਮੁੱਚਾ ਇਤਿਹਾਸ ਦਮਨ ਅਤੇ ਸ਼ੋਸ਼ਣ ਦਾ ਇਤਿਹਾਸ ਰਿਹਾ ਹੈ ਜਿਸਨੂੰ ਇਨਕਲਾਬੀ ਅਮਲ ਰਾਹੀਂ ਹੀ ਪਲਟਾਇਆ ਜਾ ਸਕਦਾ ਹੈ। ਦਮਨ ਅਤੇ ਸ਼ੋਸ਼ਣ ਤੇ ਆਧਾਰਿਤ ਸਾਮਾਜਿਕ ਆਰਥਿਕ ਬਣਤਰਾਂ ਅਰਾਜਿਕਤਾ ਨੂੰ ਬੇਦਖ਼ਲ ਨਹੀਂ ਕਰ ਸਕਦੀਆਂ। ਇਹ ਜੰਗਲ ਆਪਣੀ ਕਾਇਆ ਪਲਟ ਕੇ ਹਾਲੇ ਵੀ ਸਾਡੇ ਨਾਲ ਨਾਲ ਤੁਰ ਰਿਹਾ ਹੈ। ਪੈਸੇ ਦੀ ਸਰਦਾਰੀ ਸਥਾਪਿਤ ਕਰਨ ਵਾਲੇ ਅਜੋਕੇ ਨਗਰਾਂ ਅਤੇ ਮਹਾਨਗਰਾਂ ਵਿਚ ਕਾਨੂੰਨ ਤੇ ਵਿਵਸਥਾ ਦੇ ਪਰਦੇ ਹੇਠਾਂ ਦਮਨਕਾਰੀ ਤੰਤਰ ਓਵੇਂ ਹੀ ਕਾਰਜਸ਼ੀਲ ਹੈ। ਇਸਦੇ ਅਨੇਕਾਂ ਢੰਗ ਤਰੀਕੇ ਇਸੇ ਜੰਗਲੀ ਵਿਵਸਥਾ ਵਲ ਸੰਕੇਤ ਕਰਦੇ ਹਨ।

ਇਸੇ ਤਰ੍ਹਾਂ 'ਬੁੱਤਾਂ ਦਾ ਦੇਸ਼' ਕਵਿਤਾ ਇਸ ਵਿਵਸਥਾ ਦੇ ਸਾਜੇ ਹੋਏ ਮਸਨੂਈ ਕਿਸਮ ਦੇ ਅਮਾਨਵੀਕ੍ਰਿਤ ਮਾਹੌਲ ਵਲ ਸੰਕੇਤ ਕਰਦੀ ਹੈ। ਇਹ ਮੋਹ-ਮੁਹੱਬਤ ਤੋਂ ਸੱਖਣਾ ਮਾਹੌਲ ਸੰਵੇਦਨਸ਼ੀਲ ਬੰਦੇ ਨੂੰ ਦਹਿਸ਼ਤਜ਼ਦਾ ਹੀ ਕਰ ਸਕਦਾ ਹੈ –

ਇਹ ਤੇ ਹੈ ਬੁੱਤਾਂ ਦੀ ਨਗਰੀ,
ਇਹ ਤੇ ਹੈ ਬੁੱਤਾਂ ਦਾ ਦੇਸ਼!
. . .
ਇਥੇ ਸਾਏ, ਇਕ ਦੂਜੇ ਨੂੰ,
ਪਹਿਚਾਨਣ ਦੀ ਥਾਂ
ਡਰ ਡਰ ਭੱਜਣ!
ਸਾਰੇ ਹੀ ਇਥੋਂ ਦੇ ਵਾਸੀ,
ਆਪਣੀ ਹੀ ਛਾਂ ਵੇਖ ਕੇ,
ਥਰ ਥਰ ਕੰਬਣ!
ਇਥੇ ਸਭ ਬੁੱਤਾਂ ਦੇ ਚਿਹਰੇ,
ਇਕ ਦੂਜੇ ਨੂੰ ਘੂਰਨ!

ਇਸ ਤਰ੍ਹਾਂ ਦਰਸ਼ਨ ਗਿੱਲ ਨੇ ਆਪਣੇ ਕਾਵਿ-ਸਫ਼ਰ ਦੀ ਸ਼ੁਰੂਆਤ ਪ੍ਰਵਾਸ ਦੇ ਅਨੁਭਵ ਅਤੇ ਬੋਧ ਨੂੰ ਚਿੰਤਨਸ਼ੀਲ ਢੰਗ ਨਾਲ ਅੰਕਿਤ ਕਰਨ ਦੇ ਉਪਰਾਲੇ ਨਾਲ ਕੀਤੀ। ਉਸਦਾ ਕਾਵਿਕ ਪ੍ਰਵਚਨ ਤਕਨੀਕ ਅਤੇ ਵਿਚਾਰਧਾਰਾ ਦੇ ਖ਼ੂਬਸੂਰਤ ਸੁਮੇਲ ਨੂੰ ਪ੍ਰਗਟ ਕਰਦਾ ਹੈ। ਇਹ ਠੀਕ ਹੈ ਤਕਨੀਕ ਦੀ ਮੁਹਾਰਤ ਕਲਾ ਦੀ ਬੁਨਿਆਦੀ ਸ਼ਰਤ ਹੈ ਪਰ ਨਿਰੀ ਤਕਨੀਕ ਦੇ ਸਹਾਰੇ ਨਾ ਕੋਈ ਸ਼ਾਇਰ ਬਣ ਸਕਦਾ ਹੈ ਅਤੇ ਨਾ ਨਿਰੀ ਵਿਚਾਰਧਾਰਾ ਦੇ ਜ਼ੋਰ ਨਾਲ ਕੋਈ ਚਿੰਤਕ ਬਣ ਸਕਦਾ ਹੈ। ਅਸਲ ਵਿਚ ਇਹ ਦਰਸ਼ਨ ਗਿੱਲ ਦੇ ਕਾਵਿਸ਼ਾਸਤਰ ਦਾ ਮੀਰੀ ਗੁਣ ਹੈ ਜੋ ਉਸਨੂੰ ਆਪਣੀ ਨੌਜਵਾਨੀ ਦੇ ਦਿਨਾਂ ਵਿਚ ਮਾਰਕਸਵਾਦੀ ਫਲਸਫੇ ਅਤੇ ਪ੍ਰਗਤੀਵਾਦੀ ਲਹਿਰ ਦੇ ਨਿਕਟ ਸੰਪਰਕ ਤੋਂ ਪ੍ਰਾਪਤ ਹੋਇਆ ਹੈ। ਇਨ੍ਹਾਂ ਚਿੰਤਨ-ਧਾਰਾਵਾਂ ਨੇ ਸਾਹਿਤਕ ਕਿਰਤਾਂ ਵਿਚ ਵਿਚਾਰਧਾਰਾਈ ਚੇਤਨਾ ਅਤੇ ਸਾਮਾਜਿਕ ਪ੍ਰਤਿਬੱਧਤਾ ਉੱਤੇ ਜ਼ੋਰ ਦੇ ਕੇ ਸਾਹਿਤ ਨੂੰ ਜ਼ਿੰਦਗੀ ਦੇ ਮੂਲ ਸਰੋਕਾਰਾਂ ਨਾਲ ਜੋੜਨ ਦੀ ਹੀ ਚੇਤਨਾ ਜਗਾਈ ਸੀ। ਇਸ ਤਰ੍ਹਾਂ ਤਕਨੀਕ ਅਤੇ ਵਿਚਾਰਧਾਰਾ ਦਾ ਇਹ ਸੁਮੇਲ ਉਸਦੀ ਸ਼ਾਇਰੀ ਦੇ ਅਵਚੇਤਨ ਵਿਚ ਵਸ ਜਾਂਦਾ ਹੈ ਅਤੇ ਉਸਦੇ ਕਾਵਿਲੋਕ ਦਾ ਬੁਨਿਆਦੀ ਲੱਛਣ ਬਣ ਜਾਂਦਾ ਹੈ।

ਜੰਗਲ ਦੀ ਅੱਗ ਤੋਂ ਬਾਦ ਉਸੇ ਵਰ੍ਹੇ ਦਰਸ਼ਨ ਗਿੱਲ ਦਾ ਇਕ ਹੋਰ ਕਾਵਿ-ਸੰਗ੍ਰਹਿ **ਰੂਪ ਅਰੂਪ** ਪ੍ਰਕਾਸ਼ਿਤ ਹੋਇਆ। ਇਸ ਵਿਚ ਲੇਖਕ ਆਪਣੀ ਪਹਿਲੀ ਪਤਨੀ (ਮਨਜੀਤ) ਦੀ ਤ੍ਰਾਸਦਿਕ ਮੌਤ ਦਾ ਵੈਰਾਗਮਈ ਪ੍ਰਗਟਾਵਾ ਕਰਦਾ ਹੈ। ਇਹ ਪੁਸਤਕ ਉਸੇ ਦੀ ਯਾਦ ਨੂੰ ਸਮਰਪਿਤ ਹੈ। ਨਿਜੀ ਜ਼ਿੰਦਗੀ ਵਿਚ ਵਾਪਰੇ ਇਸ ਦੁਖਾਂਤ ਨੂੰ ਉਹ ਸ਼ਬਦਾਂ ਰਾਹੀਂ

ਸੰਬੋਧਿਤ ਹੁੰਦਾ ਹੈ। ਪਰ ਇਸ ਵਿਚ ਵਿਜੋਗੀ ਸਥਿਤੀ ਅਤੇ ਡੂੰਘੀ ਭਾਵੁਕ ਵੇਦਨਾ ਦਾ ਆਪਮੁਹਾਰਾ ਪ੍ਰਗਟਾਵਾ ਨਿਜ ਤੋਂ ਪਾਰ ਜਾ ਕੇ ਸਾਧਾਰਣੀਕਰਣ ਦੀ ਅਵਸਥਾ ਤੇ ਅਪੜ ਜਾਂਦਾ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਮੂਰਤੀਮਾਨ ਹੋਈ ਨਿਜੀ ਵੇਦਨਾ ਹਰ ਬੰਦੇ ਦੇ ਅੰਤਰਮਨ ਵਿਚ ਸੰਵੇਦਨਾ ਦੀਆਂ ਸੁਰਾਂ ਛੇੜਦੀ ਹੈ –

ਤੇਰੇ ਤੇ ਮੇਰੇ ਵਿਚਕਾਰ, ਪਹਾੜ ਹੋਵੇਗਾ, ਜਾਂ ਸਮੁੰਦਰ!
ਪਹਾੜ, ਜੋ ਤੈਥੋਂ ਸਰ ਨਹੀਂ ਹੋਵੇਗਾ।
ਸਮੁੰਦਰ ਜੋ ਮੈਥੋਂ ਤਰ ਨਹੀਂ ਹੋਵੇਗਾ।. . .

ਇਸ ਸੰਗ੍ਰਹਿ ਦੀ 'ਖ਼ਾਨਾਬਦੋਸ਼' ਕਵਿਤਾ ਇਸੇ ਤ੍ਰਾਸਦਿਕ ਅਹਿਸਾਸ ਨੂੰ ਸਰੋਦੀ ਢੰਗ ਨਾਲ ਮੂਰਤੀਮਾਨ ਕਰਦੀ ਹੈ। ਇਸ ਵਿਚ ਪ੍ਰਵਾਸ ਅਤੇ ਮੌਤ ਦੇ ਅਹਿਸਾਸ ਅਨੋਖੇ ਢੰਗ ਨਾਲ ਇਕ ਦੂਸਰੇ ਵਿਚ ਰਲਗੱਡ ਹੋਕੇ ਮਾਰਮਿਕ ਵੇਦਨਾ ਦੀ ਸਥਿਤੀ ਨੂੰ ਪ੍ਰਗਟਾਉਂਦੇ ਹਨ –

ਅਸੀਂ ਤਾਂ ਸੱਜਣ,
ਤੁਰ ਚੱਲੇ ਹਾਂ,
ਤੁਰ ਚੱਲੇ ਪਰਦੇਸ।
ਅੱਜ ਤੋਂ ਨਾ ਕੋਈ ਨਗਰ ਅਸਾਡਾ,
ਨਾ ਕੋਈ ਆਪਣਾ ਦੇਸ।. . .
ਜ਼ਿੰਦਗੀ ਸਾਥੋਂ ਬੇਮੁਖ ਹੋਈ,
ਮੌਤ ਨਾ ਆਵੇ ਮੇਚ।. . .

ਇਸ ਤਰ੍ਹਾਂ **ਰੂਪ ਅਰੂਪ** ਵਿਚਲੀ ਭਾਵੁਕ ਵੇਦਨਾ ਨਿਜ ਅਤੇ ਅਨਿਜ ਦੀ ਦੂਰੀ ਮੇਟ ਦਿੰਦੀ ਹੈ। ਕਿਸੇ ਉਰਦੂ ਸ਼ਾਇਰ ਨੇ ਸ਼ਾਇਦ ਅਜਿਹੀ ਸਥਿਤੀ ਵਿਚ ਹੀ ਇਹ ਸ਼ਿਅਰ ਲਿਖਿਆ ਸੀ – 'ਕਹਾਨੀ ਮੇਰੀ ਰੂਦਾਦੇ ਜਹਾਂ ਮਾਲੂਮ ਹੋਤੀ ਹੈ। ਜੋ ਵੀ ਸੁਨਤਾ ਹੈ ਉਸੀ ਕੀ ਦਾਸਤਾਂ ਮਾਲੂਮ ਹੋਤੀ ਹੈ'। ਇਸੇ ਕਿਸਮ ਦੀ ਮਨੋਸਥਿਤੀ ਇਸ ਸੰਗ੍ਰਹਿ ਦੀਆ ਕਵਿਤਾਵਾਂ ਵਿਚ ਉੱਘੜਵੇਂ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਕਾਵਿਸ਼ਾਸਤਰੀ ਚੇਤਨਾ ਦਾ ਪ੍ਰਗਟਾਵਾ ਦਰਸ਼ਨ ਗਿੱਲ ਦੀ ਸ਼ਾਇਰੀ ਵਿਚ ਸੁਚੇਤ ਤੌਰ ਤੇ ਵੀ ਸਾਮ੍ਹਣੇ ਆਉਂਦਾ ਹੈ। ਮਿਸਾਲ ਵਜੋਂ ਉਸਦੀ ਸਵੈ-ਸੰਬੋਧਤ ਕਵਿਤਾ ਦੀਆਂ ਕੁਝ ਪੰਗਤੀਆਂ ਪੇਸ਼ ਹਨ –

ਜਦ ਸ਼ਬਦ,
ਨਾਮ ਬਣਦਾ ਹੈ,
ਸ਼ਾਂਤੀ ਉਪਜਦੀ ਹੈ!
ਜਦ ਸ਼ਬਦ,
ਵਿਦਰੋਹ ਬਣਦਾ ਹੈ,

ਤਾਂ, ਲਹੂ ਉਗਲਦਾ ਹੈ।

ਸ਼ਬਦ ਕਾਵਿਕ ਪ੍ਰਗਟਾਵੇ ਦੀ ਮੂਲ ਇਕਾਈ ਵੀ ਹੈ ਤੇ ਬੁਨਿਆਦੀ ਉਪਕਰਣ ਵੀ ਪਰ ਇਸਦਾ ਮਹੱਤਵ ਉਦੋਂ ਹੀ ਉਜਾਗਰ ਹੁੰਦਾ ਹੈ ਜਦੋਂ ਇਹ ਅਰਥ-ਸਾਰਥਕਤਾ ਦਾ ਸੰਗਠਨ ਉਸਾਰਨ ਦਾ ਧਰਾਤਲ ਬਣਦਾ ਹੈ। ਸ਼ਬਦ ਦੀ ਸਿਰਜਣਾਤਮਕ ਸ਼ਕਤੀ ਦਾ ਇਹ ਅਹਿਸਾਸ ਸ਼ਬਦ ਨੂੰ ਨਿਰੋਲ ਤਕਨੀਕੀ ਉਪਕਰਣ ਵਜੋਂ ਗ੍ਰਹਿਣ ਕਰਨ ਦੀ ਬਜਾਏ ਜੀਵੰਤ ਅਨੁਭਵ ਜਾਂ ਵਿਚਾਰਧਾਰਾ ਨਾਲ ਜੋੜ ਦਿੰਦਾ ਹੈ। ਇਸੇ ਤਰ੍ਹਾਂ ਉਸਦੀ 'ਬਿੰਬ' ਕਵਿਤਾ ਅਰਥ-ਵਿਹੂਣੇ ਸ਼ਬਦਾਂ ਅਤੇ ਬੇ-ਚਿੰਤਨ ਬਿੰਬਾਂ ਦੀ ਮਾਇਆਵੀ ਖੇਡ ਨੂੰ ਨਕਾਰਦੀ ਹੈ ਅਤੇ ਸ਼ਾਇਰੀ ਨੂੰ ਜ਼ਿੰਦਗੀ ਦੇ ਸਦੀਵੀ ਪ੍ਰੇਰਣਾ ਸਰੋਤਾਂ ਨਾਲ ਜੋੜ ਦਿੰਦੀ ਹੈ। 'ਬਿੰਬ' ਕਵਿਤਾ ਦੀਆਂ ਨਿਮਨ-ਅਕਿਤ ਪੰਗਤੀਆਂ ਉਸਦੀ ਇਸੇ ਕਿਸਮ ਦੀ ਕਾਵਿ ਚੇਤਨਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ –

ਜਦ ਵੀ ਮੈਂ ਕੋਈ ਬਿੰਬ ਰਚਦਾ ਹਾਂ –
ਚਿੰਤਨ ਮੇਰਾ ਮੂੰਹ ਚਿੜਾਏ!
ਬੇ-ਚਿੰਤਨ ਬਿੰਬਾਂ ਦੀ ਮਾਇਆ,
ਕਵਿਤਾ ਮੈਨੂੰ ਰਾਸ ਨਾ ਆਏ!

ਜੰਗਲ ਦੀ ਅੱਗ ਅਤੇ **ਰੂਪ ਅਰੂਪ** ਤੋਂ ਬਾਦ ਦਰਸ਼ਨ ਗਿੱਲ ਦੇ ਦੋ ਮਹੱਤਵਪੂਰਣ ਕਾਵਿ-ਸੰਗ੍ਰਹਿ **ਖ਼ਲੀਜ** (1978) ਅਤੇ **ਆਪਣੇ ਸਨਮੁੱਖ** (1980) ਸਾਮ੍ਹਣੇ ਆਉਂਦੇ ਹਨ। ਇਨ੍ਹਾਂ ਵਿਚ ਉਹ ਪ੍ਰਵਾਸ ਦੇ ਮੁੱਢਲੇ ਦੌਰ ਦੀ ਬੇਵਸਾਹੀ ਵਿਚੋਂ ਬਾਹਰ ਨਿਕਲ ਕੇ ਉੱਤਰੀ ਅਮਰੀਕਾ ਦੇ ਆਧੁਨਿਕ ਮਾਹੌਲ ਨੂੰ ਨਵੇਂ ਸਿਰਿਓਂ ਨਿਹਾਰਦਾ ਹੈ ਤਾਂ ਉਸਦਾ ਕਾਵਿ-ਅਨੁਭਵ ਵੀ ਨਵੇਂ ਦੌਰ ਵਿਚ ਪ੍ਰਵੇਸ਼ ਕਰਦਾ ਹੈ। ਇਸ ਨਵੇਂ ਮਾਹੌਲ ਵਿਚ ਉਸਨੂੰ ਇਕ ਪਾਸੇ ਰੋਮਾਨੀ ਸੁਪਨਿਆਂ ਦੇ ਟੁੱਟਣ ਦਾ ਝੋਰਾ ਵਿਆਪਦਾ ਹੈ ਤਾਂ ਦੂਸਰੇ ਪਾਸੇ ਮਾਨਵੀ ਰਿਸ਼ਤਿਆਂ ਦੀ ਜਟਿਲ ਰਾਜਨੀਤੀ ਅਤੇ ਪਰੰਪਰਕ ਜੀਵਨ-ਮੁੱਲਾਂ ਦੇ ਵਿਗਠਨ ਕਾਰਣ ਆਪੇ ਦੇ ਵਿਖੰਡਿਤ ਹੋਣ ਦਾ ਅਹਿਸਾਸ ਸਤਾਉਂਦਾ ਹੈ। ਖ਼ਲੀਜ ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚ ਉਸਨੇ ਆਪਣੀ ਕਾਵਿ-ਚੇਤਨਾ ਦੇ ਨਵੇਂ ਪੜਾਉ ਨੂੰ ਨਿਮਨ-ਅੰਕਿਤ ਪੰਗਤੀਆਂ ਵਿਚ ਅੰਕਿਤ ਕੀਤਾ ਹੈ –

"ਇਨ੍ਹਾਂ ਕਵਿਤਾਵਾਂ ਵਿਚ ਜਿੱਥੇ ਵਰਤਮਾਨ ਦੇ ਸੰਕਟ ਨੂੰ ਨਜਿੱਠਣ ਅਤੇ ਇਸਦੇ ਖ਼ੁਸ਼ਗਵਾਰ ਰੰਗਾਂ ਨੂੰ ਮਾਨਣ ਦੀ ਅਭਿਲਾਸ਼ਾ ਹੈ, ਓਥੇ ਭਵਿੱਖ ਵਲ ਵਿਹੰਦੀ ਨਜ਼ਰ ਕਿਸੇ ਟਕਰਾਉ ਤੇ ਇਕਾਗਰਤਾ ਦੀ ਤਲਾਸ਼ ਵੀ ਕਰ ਰਹੀ ਹੈ . . . ਇਸ ਪੜਾਅ ਤੇ ਮੇਰੀ ਕਵਿਤਾ ਸੋਚ ਤੇ ਭਾਵਾਂ ਦੇ ਦੋ ਕੰਢਿਆਂ ਵਿਚਕਾਰ ਵਗਦੀ ਨਿਰੰਤਰ ਨਦੀ ਵਾਂਗ ਹੈ, ਜਿਸਦੇ ਪਾਣੀਆਂ ਵਿਚ ਕਦੇ ਆਬਸ਼ਾਰਾਂ ਦਾ ਸ਼ੋਰ ਪੈਦਾ ਹੁੰਦਾ ਹੈ, ਹਲਚਲ ਮੱਚਦੀ ਹੈ ਤੇ ਕਦੇ ਮੈਦਾਨੀ ਨਦੀ ਦਾ ਟਿਕਾਉ ਪ੍ਰਾਪਤ ਹੁੰਦਾ ਹੈ।"

ਲੇਖਕ ਦਾ ਇਹ ਕਥਨ ਸ਼ਾਇਰਾਨਾ ਅੰਦਾਜ਼ ਵਿਚ ਉਸਦੀ ਕਾਵਿ-ਚੇਤਨਾ ਦੇ ਬਦਲੇ ਹੋਏ ਮੁਹਾਂਦਰੇ ਨੂੰ ਉਲੀਕਦਾ ਹੈ। ਇਕ ਪਾਸੇ ਅੰਤਰਮਨ ਦੀਆਂ ਸੋਚਾਂ ਅਤੇ ਦੂਸਰੇ ਪਾਸੇ ਬਾਹਰ ਦੀ ਹਕੀਕਤ ਨਾਲ ਨਜਿੱਠਨ ਦੀ ਲਾਲਸਾ ਇਸਦਾ ਪ੍ਰੇਰਣਾ ਸਰੋਤ ਹਨ। ਇਸੇ ਦੁਫਾੜ ਦੀ ਸਥਿਤੀ ਨੂੰ ਹੀ ਸ਼ਾਇਦ ਉਸਨੇ ਖ਼ਲੀਜ ਆਖਿਆ ਹੈ –

ਅੰਦਰ ਤੇ ਬਾਹਰ
ਵਿਚਕਾਰ
ਪਾਟਿਆ ਮੇਰਾ ਆਪਾ,
ਦੋ ਅੱਤਾਂ ਵਿਚਕਾਰ,
ਇਕ ਖ਼ਲੀਜ ਬਣਦਾ ਜਾ ਰਿਹਾ ਹੈ"

ਦਰਸ਼ਨ ਗਿੱਲ ਦੀ ਸ਼ਾਇਰੀ ਦਾ ਇਹ ਦੌਰ ਕਿਸੇ ਹੱਦ ਤਕ ਪ੍ਰਯੋਗਸ਼ੀਲ ਕਵਿਤਾ ਤੋਂ ਵੀ ਪ੍ਰਭਾਵਿਤ ਹੈ। ਇਸਦਾ ਮੁੱਖ ਕਾਰਣ ਪੰਜਾਬੀ ਵਿਚ ਇਸ ਲਹਿਰ ਦੇ ਪ੍ਰਵਰਤਕ ਰਵਿੰਦਰ ਰਵੀ ਨਾਲ ਉਸਦਾ ਨਿਕਟ ਸੰਪਰਕ ਵੀ ਮੰਨਿਆਂ ਜਾ ਸਕਦਾ ਹੈ। ਆਪਣੇ ਸਨਮੁੱਖ ਸੰਗ੍ਰਹਿ ਦੀਆਂ ਕਈ ਕਵਿਤਾਵਾਂ ਇਸੇ ਕਿਸਮ ਦੇ ਪ੍ਰਭਾਵ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਜਿਵੇਂ -

ਕਨੋਂ ਤੇ ਪ੍ਰਤੀ ਕਨੋ ਦੇ ਵਿਚ
ਪੁੱਠਾ ਸਿੱਧਾ ਆਪਣਾ ਆਪਾ!
ਦੋ ਤੇ ਦੋ ਨਾ ਚਾਰ ਹੋਂਵਦੇ-
ਗਣਿਤ ਨਹੀਂ ਜ਼ਿੰਦਗੀ ਦਾ ਖ਼ਾਸਾ।

ਤਾਂ ਵੀ ਦਰਸ਼ਨ ਗਿੱਲ ਦੇ ਵਿਚਾਰਧਾਰਾਈ ਅਵਚੇਤਨ ਨੂੰ ਇਹ ਰੰਗ ਬਹੁਤਾ ਰਾਸ ਨਹੀਂ ਆਉਂਦਾ। ਉਹ ਇਸ ਧਾਰਾ ਦੀਆਂ ਪ੍ਰਗਟਾਉ ਜੁਗਤਾਂ ਨਾਲ ਸਾਂਝ ਪਾਉਂਦਾ ਪਰ ਇਸਦੇ ਵਿਚਾਰਧਾਰਾਈ ਆਧਾਰ ਨਾਲ ਰਚਨਾਤਮਕ ਬਹਿਸ ਵੀ ਕਰਦਾ ਹੈ। 'ਰਵਿੰਦਰ ਰਵੀ ਤੇ ਮੈਂ' ਕਵਿਤਾ ਵਿਚ ਇਹ ਸਥਿਤੀ ਬੜੀ ਸਪਸ਼ਟਤਾ ਨਾਲ ਸਾਮ੍ਹਣੇ ਆਉਂਦੀ ਹੈ -

ਤੇ ਇਹ ਵੀ ਮੈਨੂੰ ਇਲਮ ਹੈ -
ਕਿ ਜੀਣ ਤੇਰਾ,
ਇਨ੍ਹਾਂ ਮੁਹਾਲ ਕਰਨਾ ਹੈ!
ਇਲਜ਼ਾਮ ਤੇਰੇ ਸਿਰ ਵੀ ਧਰਨਾ ਹੈ!
ਕਿ
ਨਿੱਤ ਨਵੇਂ ਪ੍ਰਯੋਗਾਂ ਦੇ ਨਾਂ ਥੱਲੇ,
ਅੰਤਰਮੁੱਖਤਾ ਦਾ ਹਾਮੀ ਹੈ!
ਉਸਦੀ ਕਵਿਤਾ 'ਚ ਕੁਝ ਨਹੀਂ,
ਸਵੈ-ਪ੍ਰਗਟਾਵੇ ਦੀ ਗ਼ੁਲਾਮੀ ਹੈ!
ਪਰ ਕੌਣ ਜਾਣ ਸਕੇਗਾ ਇਹ ਕਿ
ਤੇਰੈ 'ਮੈਂ' ਤਾਂ ਚੇਤਨਾ ਪ੍ਰਤੀਕ ਹੈ!

. . .
ਮੈਂ ਜ਼ਿੰਦਗੀ ਦੇ ਜ਼ਹਿਰ ਨੂੰ,
ਘੁੱਟ ਘੁੱਟ ਕਰਕੇ ਪੀਤਾ ਹੈ!
ਤੂੰ ਜ਼ਿੰਦਗੀ ਦੇ ਸੱਚ ਨੂੰ,
ਲੋਕਾਂ ਸਨਮੁੱਖ ਨਸ਼ਰ ਕੀਤਾ ਹੈ!

ਸੱਚ ਤਾਂ ਇਹ ਹੈ ਕਿ ਦਰਸ਼ਨ ਗਿੱਲ ਦੀ ਸ਼ਾਇਰੀ ਸਮੁੱਚੇ ਤੌਰ ਤੇ ਸਾਮਾਜਿਕ ਸਰੋਕਾਰਾਂ ਨਾਲ ਡੂੰਘੀ ਤਰ੍ਹਾਂ ਜੁੜੀ ਰਹਿੰਦੀ ਹੈ। ਆਪਣੇ ਸਨਮੁੱਖ ਸੰਗ੍ਰਹਿ ਦੀਆਂ ਕਈ ਕਵਿਤਾਵਾਂ - ਪੂਰਬ ਪੱਛਮ, ਕੈਬਰੇ, ਪਲਾਇਨ, ਨਾਨਕ, ਗ਼ਫ਼ਰਨਾਮਾ, ਉਲਝਣ ਆਦਿ – ਚਿੰਤਨਸ਼ੀਲ ਢੰਗ ਨਾਲ ਸਮਕਾਲੀ ਯਥਾਰਥ ਨੂੰ ਹੀ ਸੰਬੋਧਿਤ ਹਨ। ਪ੍ਰਵਾਸ ਦੇ ਇਸ ਪੜਾਉ ਤੇ ਪਹੁੰਚ ਕੇ ਉਸਦਾ ਕਾਵਿ-ਅਨੁਭਵ ਵੀ ਇਕ ਨਵਾਂ ਮੋੜ ਕੱਟਦਾ ਹੈ। ਹੁਣ ਉਸਨੂੰ ਪ੍ਰਵਾਸ ਦੇ ਮੁੱਢਲੇ ਦੌਰ ਦੇ ਰੋਮਾਨੀ ਸੁਪਨੇ ਤਿੜਕਦੇ ਨਜ਼ਰ ਆਉਂਦੇ ਹਨ। ਨਿਮਨ-ਅੰਕਿਤ ਪੰਗਤੀਆਂ ਇਸੇ ਸਥਿਤੀ ਨੂੰ ਮੂਰਤੀਮਾਨ ਕਰਦੀਆਂ ਹਨ –

ਲੱਖਾਂ ਸੁਪਨ ਸਿਰਜ ਕੇ ਯਾਰੋ,
ਸੱਤ ਸਮੁੰਦਰ ਅੰਦਰ ਪਾ ਕੇ
ਵਿਚ ਵਿਮਾਨਾਂ ਸਗਲਾ ਅੰਬਰ ਗਾਹ ਕੇ,
ਸੁਪਨ ਨਗਰ ਦੀ ਸਰਦਲ ਪੁੱਜੇ ਸਾਂ
. . .
ਪਰ ਹੁਣ ਸੁਪਨ-ਦੇਸ਼ ਦਾ
ਹਰ ਇਕ ਸੁਪਨਾ,
ਇਕ ਇਕ ਕਰਕੇ
ਕਿਰਦਾ ਜਾਂਦਾ!

1984 ਵਿਚ ਪ੍ਰਕਾਸ਼ਿਤ **ਕਾਲਾ ਸੂਰਜ** ਕਾਵਿ-ਸੰਗ੍ਰਹਿ ਦਾ ਕਾਵਿਕ ਮੁਹਾਵਰਾ ਵੀ ਪ੍ਰਯੋਗਸ਼ੀਲ ਕਵਿਤਾ ਤੋਂ ਪ੍ਰਭਾਵਿਤ ਹੈ ਪਰ ਇਸਦੀ ਕਾਵਿ-ਵਸਤੂ ਸਾਮਾਜਿਕ ਯਥਾਰਥ ਨਾਲ ਆਪਣਾ ਜੀਵੰਤ ਰਿਸ਼ਤਾ ਓਸੇ ਤਰ੍ਹਾਂ ਕਾਇਮ ਰੱਖਦੀ ਹੈ। ਇਸ ਵਿਚ ਕੈਨੇਡਾ ਦੇ ਮੂਲ ਨਿਵਾਸੀਆ ਨਾਲ ਹੋਏ ਇਤਿਹਾਸਕ ਵਿਤਕਰੇ ਅਤੇ ਦਮਨ ਦੀ ਰੋਹਮਈ ਸੁਰ ਬੁਲੰਦ ਕੀਤੀ ਗਈ ਹੈ। ਇਸ ਵਿਚਲੀ ਕਵਿਤਾ 'ਉਕਾਬ ਦਾ ਗੀਤ' ਵਿਸ਼ੇਸ਼ ਤੌਰ ਤੇ ਇਸੇ ਸਥਿਤੀ ਦਾ ਮਾਰਮਿਕ ਪ੍ਰਗਟਾਵਾ ਹੈ। ਇਸ ਤੋਂ ਇਲਾਵਾ ਇਸ ਸੰਗ੍ਰਹਿ ਵਿਚ ਏਸ਼ੀਅਨ ਪ੍ਰਵਾਸੀਆਂ ਨਾਲ ਹੁੰਦੇ ਨਸਲਵਾਦੀ ਵਿਤਕਰੇ ਨੂੰ ਵੀ ਜ਼ੁਬਾਨ ਦਿੱਤੀ ਗਈ ਹੈ। 'ਕਾਲਾ ਸੂਰਜ' ਅਤੇ 'ਲਹੂ ਬੋਲਦਾ ਹੈ' ਨਜ਼ਮਾਂ ਇਸੇ ਰੋਹ-ਵਿਦਰੋਹ ਨੂੰ ਪ੍ਰਗਟਾਉਂਦੀਆ ਹਨ। ਮਿਸਾਲ ਵਜੋਂ ਇਹ ਪੰਗਤੀਆ ਪੇਸ਼ ਹਨ –

ਗੋਰੀ ਨਸਲ ਦੇ ਹਾਮੀਓਂ
ਕਾਲੀ ਨਸਲ ਦੇ ਦੁਸ਼ਮਣੋਂ
ਭੂਰੀ ਨਸਲ ਦੇ ਦੋਖੀਓ
ਕੇਹੀ ਹੈ ਤੁਹਾਡੀ ਤਹਿਜ਼ੀਬ
ਦੂਜਿਆਂ ਦੀ ਤਹਿਜ਼ੀਬ ਕਿਉਂ
ਲਗਦੀ ਹੈ ਤੁਹਾਨੂੰ ਅਜੀਬ

ਮਹਤਵਪੂਰਣ ਗੱਲ ਇਹ ਹੈ ਕਿ ਦਰਸ਼ਨ ਗਿੱਲ ਇਸ ਨਸਲਵਾਦੀ ਵਤੀਰੇ ਦੀ ਝਲਕ ਆਪਣੀ ਦੇਸੀ ਰਹਿਤਲ ਵਿਚ ਵੀ ਚੇਤੇ ਕਰਦਾ ਹੈ ਅਤੇ ਦਲਿਤਾਂ ਨਾਲ ਹੁੰਦੇ ਵਿਤਕਰੇ ਨੂੰ ਸਮਾਨੰਤਰ ਰੂਪ ਵਿਚ ਚਿਤਰਦਾ ਹੈ। ਇਹ ਉਸਦੀ ਵਿਚਾਰਧਾਰਾਈ ਚੇਤਨਾ ਦਾ ਹੀ ਪ੍ਰਗਟਾਵਾ ਹੈ।

1992 ਵਿਚ ਪ੍ਰਕਾਸ਼ਿਤ **ਅੱਗ ਦਾ ਗੀਤ** ਕਾਵਿ-ਸੰਗ੍ਰਹਿ ਦਰਸ਼ਨ ਗਿੱਲ ਦੇ ਕਾਵਿ-ਸਫ਼ਰ ਦਾ ਇਕ ਹੋਰ ਮੀਲ ਪੱਥਰ ਬਣ ਕੇ ਸਾਮ੍ਹਣੇ ਆਉਂਦਾ ਹੇ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਪੰਜਾਬ ਦੀ ਉਸ ਤ੍ਰਾਸਦੀ ਅਤੇ ਸੰਤਾਪ ਦੀ ਵੇਦਨਾ ਨੂੰ ਪ੍ਰਗਟਾਉਂਦੀ ਹੈ ਜਿਸਨੂੰ ਉਸਾਰਨ ਵਿਚ ਕੁਰਾਹੇ ਪਈ ਰਾਜਨੀਤੀ ਦੀਆਂ ਸ਼ਤਰੰਜੀ ਚਾਲਾਂ ਨੇ ਖਲਨਾਇਕੀ ਦੀ ਭੂਮਿਕਾ ਨਿਭਾਈ ਸੀ।ਇਸ ਸੰਗ੍ਰਹਿ ਦੀ ਪਹਿਲੀ ਗ਼ਜ਼ਲ ਦੀਆਂ ਨਿਮਨ-ਅੰਕਿਤ ਪੰਗਤੀਆਂ ਇਸੇ ਸਥਿਤੀ ਦੇ ਭਾਵੁਕ ਸੰਤਾਪ ਦਾ ਮਾਰਮਿਕ ਦ੍ਰਿਸ ਸਿਰਜਣ ਵਲ ਰੁਚਿਤ ਹਨ -

ਨਾ ਤੀਆਂ, ਨਾ ਸਾਂਝੀਆਂ, ਨਾ ਮੇਲੇ, ਨਾ ਸ਼ੋਰ।
ਕਿੱਥੋਂ ਚੜ੍ਹ ਕੇ ਆ ਗਿਆ, ਮੌਸਮ ਬਦਲੇ ਕੋਰ।

ਇਸ ਪੁਸਤਕ ਵਿਚ ਗ਼ਜ਼ਲਾਂ ਵੀ ਹਨ, ਗੀਤ ਵੀ ਅਤੇ ਨਜ਼ਮਾਂ ਵੀ। ਇਨ੍ਹਾਂ ਵਿਚਲੀ ਕੇਂਦਰੀ ਥੀਮ ਤਾਂ ਭਾਵੇਂ ਮੁੱਖ ਤੌਰ ਤੇ ਪੰਜਾਬ ਸਮੱਸਿਆ ਦੁਆਲੇ ਹੀ ਘੁੰਮਦੀ ਹੈ ਪਰ ਗੀਤਾਂ ਵਿਚ ਕਿਧਰੇ ਕਿਧਰੇ ਪਿਆਰ ਅਨੁਭਵ ਦਾ ਸਰੋਦੀ ਪ੍ਰਗਟਾਵਾ ਵੀ ਸਾਮਹਣੇ ਆਉਂਦਾ ਹੈ। ਇਸ ਵਿਚਲੀਆਂ ਕਵਿਤਾਵਾਂ ‘ਮੇਰਾ ਤੜਪਦਾ ਪੰਜਾਬ’ ‘ਕਦੋਂ ਮੁੱਕਣੀ ਰਾਤ’ ਅਤੇ ਪਾਸ਼ ਦੇ ਨਾਂ ਸਮਰਪਿਤ ਕੀਤੀ ਗਈ ਕਵਿਤਾ ‘ਅਸੀਂ ਮਿਲਾਂਗੇ ਸਾਥੀ’ ਪੰਜਾਬ ਦੇ ਤਤਕਾਲੀਨ ਦੁਖਾਂਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਦੀਆਂ ਹਨ। ਅੱਤਵਾਦੀਆਂ ਹੱਥੋਂ ਰਵੀ ਅਤੇ ਪਾਸ਼ ਵਰਗੇ ਬੁੱਧੀਜੀਵੀਆਂ ਅਤੇ ਸ਼ਾਇਰਾਂ ਦਾ ਕਤਲ ਪੰਜਾਬ ਦੀ ਆਤਮਾ ਨੂੰ ਝੰਜੋੜਦਾ ਹੈ। ਇਸੇ ਰੋਹ-ਵਿਦਰੋਹ ਨੂੰ ਦਰਸ਼ਨ ਗਿੱਲ ਪਾਸ਼ ਦੇ ਹਵਾਲੇ ਨਾਲ ਜ਼ੁਬਾਨ ਦਿੰਦਾ ਹੈ -

ਜਿਨ੍ਹਾਂ ਖੇਤਾਂ ’ਚ ਤੇਰਾ ਲਹੂ ਡੁਲਿਆ ਹੈ
ਉਨ੍ਹਾਂ ਖੇਤਾਂ’ਚ ਹੀ
ਅਸੀਂ ਮਿਲਾਂਗੇ ਸਾਥੀ।. . .

ਇਹ ਜੋ ਬਾਰੂਦ
ਸਾਡੇ ਵਿਹੜਿਆਂ ਵਿਚ
ਸਾਡੀਆਂ ਮਾਵਾਂ
ਸਾਡੀਆ ਭੈਣਾਂ
ਤੇ ਸਾਡੇ ਬੱਚਿਆਂ 'ਤੇ
ਵਰ੍ਹ ਰਿਹਾ ਹੈ-
ਇਹ ਸੱਤਾ ਦੀ ਹਵਸ ਦੀਆਂ
ਲਪਟਾਂ ਹਨ -
ਜੋ ਸਾਡੇ ਖੇਤਾਂ ਨੂੰ
ਸਮੇਟਣ ਦੇ ਆਹਰ 'ਚ ਹਨ!

2002 ਵਿਚ ਲੰਮੇ ਪ੍ਰਵਾਸ ਤੋਂ ਬਾਦ ਜਦੋਂ ਦਰਸ਼ਨ ਗਿੱਲ ਆਪਣੀ ਰਹਿਤਲ ਵਿਚ ਕੁਝ ਲੰਮੇਰਾ ਅਰਸਾ ਟਿਕਣ ਲਈ ਵਾਪਸ ਪਰਤਦਾ ਹੈ ਤਾਂ ਉਹ ਨਜ਼ਮ ਦੇ ਸਿਰਲੇਖ ਹੇਠਾਂ ਇਕ ਲੰਮੀ ਕਵਿਤਾ ਰਚਦਾ ਹੈ। ਪ੍ਰਗੀਤਕ ਸੰਵੇਦਨਾ ਅਤੇ ਦਾਰਸ਼ਨਿਕ ਗਹਿਰਾਈ ਨਾਲ ਲਬਰੇਜ਼ ਇਹ ਨਜ਼ਮ ਜਿਵੇਂ ਉਸ ਉੱਤੇ ਆਪਮੁਹਾਰੇ ਨਾਜ਼ਲ ਹੁੰਦੀ ਹੈ। ਇਹ ਉਸਦੇ ਹੁਣ ਤਕ ਦੇ ਕਾਵਿ-ਸੰਸਾਰ ਦੀ ਵਿਲੱਖਣ ਪ੍ਰਾਪਤੀ ਬਣ ਕੇ ਉਜਾਗਰ ਹੁੰਦੀ ਹੈ। ਇਸ ਵਿਚ ਸ਼ਾਇਰੀ, ਮੁਹੱਬਤ ਅਤੇ ਜ਼ਿੰਦਗੀ ਇਕ ਦੂਸਰੇ ਨਾਲ ਹਮ-ਕਲਾਮ ਹਨ। ਕਦੇ ਜ਼ਿੰਦਗੀ ਸ਼ਾਇਰੀ ਦਾ ਚਿਹਨ ਬਣ ਜਾਂਦੀ ਹੈ ਅਤੇ ਕਦੇ ਸ਼ਾਇਰੀ ਜ਼ਿੰਦਗੀ ਦਾ –

ਜਦ ਨਜ਼ਮ ਆਈ ਤਾਂ ਮੈਂ ਕਿੰਨਾ ਹੀ ਚਿਰ ਸੋਚਦਾ ਰਿਹਾ :
ਸਿਧਾਂਤਾਂ ਬਾਰੇ, ਦਰਸ਼ਨ ਬਾਰੇ, ਜ਼ਿੰਦਗੀ ਬਾਰੇ।
ਉਹ ਆਈ, ਬੈਠੀ, ਮੁਸਕਰਾਉਂਦੀ ਰਹੀ।
. . .
ਨਜ਼ਮ ਜਦ ਵੀ ਆਉਂਦੀ ਹੈ,
ਨਿੱਘ ਬਣ ਕੇ ਆਉਂਦੀ ਹੈ।
ਆਪਣਾ ਮੋਹ ਬੋਲਾਂ ਰਾਹੀਂ ਪ੍ਰਗਟਾਉਂਦੀ ਹੈ।
ਨਜ਼ਮ ਸਿਰਜਕ ਵੀ ਹੈ ਤੇ ਸਿਰਜਣਾ ਵੀ।

ਕੈਨੇਡਾ ਦੇ ਪ੍ਰਵਾਸੀ ਚਿੰਤਕ ਬਲਦੇਵ ਦੂਹੜੇ ਦੇ ਸ਼ਬਦਾਂ ਵਿਚ ਇਹ ਨਜ਼ਮ ਸਿਖਰ ਅਨੁਭਵ ਦੀ ਸ਼ਾਇਰੀ ਹੈ। ਇਸਦਾ ਆਪਣਾ ਅਨੋਖਾ ਅੰਦਾਜ਼ ਹੈ ਅਤੇ ਆਪਣੀ ਕਲਾਤਮਕ ਬੁਲੰਦੀ ਹੈ ਜੋ ਪਾਠਕ-ਸਰੋਤੇ ਨੂੰ ਕੀਲ ਲੈਂਦੀ ਹੈ। ਇਸ ਤਰ੍ਹਾਂ ਦਰਸ਼ਨ ਗਿੱਲ ਦੀ ਵੰਨ-ਸੁਵੰਨੀ ਕਾਵਿ-ਯਾਤਰਾ ਨੂੰ ਅੰਕਿਤ ਕਰਨ ਵਾਲੀ ਇਹ ਕਾਵਿ-ਪੁਸਤਕ ਨਿਰੋਲ ਪ੍ਰਵਾਸ ਦੇ

ਮਸਲਿਆਂ ਜਾਂ ਨਵੀਂ ਉੱਸਰ ਰਹੀ ਅਰਥ-ਵਿਵਸਥਾ ਕਾਰਣ ਦਿਨੋ ਦਿਨ ਜਟਿਲ ਹੋ ਰਹੇ ਮਾਨਵੀ ਰਿਸ਼ਤਿਆਂ ਨੂੰ ਹੀ ਸੰਬੋਧਿਤ ਨਹੀਂ ਹੁੰਦੀ ਸਗੋਂ ਵਿਛੋੜੇ ਦੇ ਦੁੱਖ-ਦਰਦ ਅਤੇ ਮੋਹ-ਮੁਹੱਬਤ ਨਾਲ ਲਰਜ਼ਦੇ ਪਲਾਂ ਦੀ ਸਰੋਦੀ ਦਾਸਤਾਨ ਵੀ ਬਿਆਨ ਕਰਦੀ ਹੈ। ਨਿਸ਼ਚੇ ਹੀ ਇਸ ਕਾਵਿ-ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।